# ਪਬਲਿਕ ਚਾਰਜ (PUBLIC CHARGE) 2024 ਅੱਪਡੇਟ



## ਤੱਥਾਂ ਨਾਲ ਡਰ ਦਾ ਸਾਹਮਣਾ ਕਰੋ!

## ਆਪਣੇ ਹੱਕ ਜਾਣੋ।

**ਪਬਲਿਕ ਚਾਰਜ** ਇੱਕ ਨਿਯਮ ਹੈ ਜਿਸ ਨੂੰ ਇਮੀਗ੍ਰੇਸ਼ਨ ਅਧਿਕਾਰੀ ਗ੍ਰੀਨ ਕਾਰਡ (ਕਾਨੂੰਨੀ ਸਥਾਈ ਰਿਹਾਇਸ਼ ਜਾਂ LPR ਦਰਜਾ), ਜਾਂ ਕੁਝ ਹੋਰ ਵੀਜ਼ਿਆਂ ਵਾਸਤੇ **ਪਰਿਵਾਰ-ਆਧਾਰਿਤ ਅਰਜ਼ੀ*** ਨੂੰ ਮਨਜ਼ੂਰ ਜਾਂ ਅਸਵੀਕਾਰ ਕਰਨ ਲਈ ਵਰਤਦੇ ਹਨ। ਇਮੀਗ੍ਰੇਸ਼ਨ ਅਧਿਕਾਰੀ "ਪਬਲਿਕ ਚਾਰਜ" ਸ਼ਬਦਾਂ ਦੀ ਵਰਤੋਂ ਉਹਨਾਂ ਲੋਕਾਂ ਦਾ ਹਵਾਲਾ ਦੇਣ ਲਈ ਕਰਦੇ ਹਨ ਜਿਨ੍ਹਾਂ ਦੇ ਸਹਾਇਤਾ ਲਈ ਸਰਕਾਰ 'ਤੇ ਨਿਰਭਰ ਹੋਣ ਦੀ ਸੰਭਾਵਨਾ ਹੈ।

**ਅੰਤਿਮ ਪਬਲਿਕ ਚਾਰਜ ਨਿਯਮ ਸਪੱਸ਼ਟ ਕਰਦਾ ਹੈ ਕਿ ਇਮੀਗ੍ਰੈਂਟ ਇਮੀਗ੍ਰੇਸ਼ਨ ਸੰਬੰਧੀ ਨਤੀਜਿਆਂ ਦੇ ਡਰ ਤੋਂ ਬਿਨਾਂ, ਸਿਹਤ ਸੰਭਾਲ, ਭੋਜਨ ਅਤੇ ਰਿਹਾਇਸ਼ ਵਿੱਚ ਸਹਾਇਤਾ ਸਮੇਤ ਬਹੁਤ ਸਾਰੇ ਮਹੱਤਵਪੂਰਨ ਜਨਤਕ ਲਾਭਾਂ ਤੱਕ ਪਹੁੰਚ ਸਕਦੇ ਹਨ।** ਹਰ ਪਰਿਵਾਰ ਵੱਖਰਾ ਹੁੰਦਾ ਹੈ, ਅਤੇ ਜਦੋਂ ਕਿ ਪਬਲਿਕ ਚਾਰਜ ਟੈਸਟ (Public Charge Test) ਕਰਕੇ ਤੁਹਾਨੂੰ ਘਬਰਾਹਟ ਹੋ ਸਕਦੀ ਹੈ, ਇਸ ਰੋਡਮੈਪ ਦੀ ਵਰਤੋਂ ਕਰਕੇ ਸੂਚਿਤ ਰਹੋ। ਨਵੀਨਤਮ ਅੱਪਡੇਟਾਂ ਲਈ ***keepyourbenefits.org*** 'ਤੇ ਜਾਓ।

** ਅਮਰੀਕਾ ਦੇ ਬਾਹਰੋਂ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲੇ ਲੋਕਾਂ ਅਤੇ ਕੁਝ ਅਜਿਹੇ ਲੋਕਾਂ 'ਤੇ ਵੀ ਲਾਗੂ ਹੁੰਦਾ ਹੈ ਜਿਨ੍ਹਾਂ ਕੋਲ ਗ੍ਰੀਨ ਕਾਰਡ ਹੈ ਪਰ ਉਹਨਾਂ ਦੀ 6 ਮਹੀਨਿਆਂ ਤੋਂ ਵੱਧ ਸਮੇਂ ਲਈ ਦੇਸ਼ ਤੋਂ ਬਾਹਰ ਜਾਣ ਦੀ ਯੋਜਨਾ ਹੈ।*

# ਕੀ ਇਹ ਮੈਨੂੰ ਪ੍ਰਭਾਵਿਤ ਕਰੇਗਾ?

**ਇਹ ਵੇਖਣ ਲਈ ਇਸ ਰੋਡਮੈਪ ਦਾ ਪਾਲਣ ਕਰੋ ਕਿ ਕੀ ਤੁਸੀਂ ਪਬਲਿਕ ਚਾਰਜ ਟੈਸਟ ਦੇ ਅਧੀਨ ਆ ਸਕਦੇ ਹੋ**

**ਪਰਿਵਾਰ ਰਾਹੀਂ ਗ੍ਰੀਨ ਕਾਰਡ ਲਈ ਅਰਜ਼ੀ ਦੇ ਰਹੇ ਹੋ?**

- **ਨਹੀਂ** → **ਪਬਲਿਕ ਚਾਰਜ ਲਾਗੂ ਨਹੀਂ ਹੁੰਦਾ**
- **ਹਾਂ** ↓

### ਕੀ ਬਿਨੈਕਾਰ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਜਨਤਕ ਲਾਭ ਦੀ ਵਰਤੋਂ ਕਰ ਰਿਹਾ ਹੈ?

ਬੱਚਿਆਂ ਜਾਂ ਹੋਰ ਯੋਗ ਪਰਿਵਾਰਕ ਮੈਂਬਰਾਂ ਨੂੰ ਨਾ ਗਿਣੋ ਜੋ ਇਹਨਾਂ ਜਨਤਕ ਲਾਭਾਂ ਦੀ ਵਰਤੋਂ ਕਰ ਰਹੇ ਹਨ।

- **ਨਕਦ ਸਹਾਇਤਾ ਪ੍ਰੋਗਰਾਮ (Cash Assistance Programs)**
  - **ਬਜ਼ੁਰਗ, ਅੰਨ੍ਹੇ, ਜਾਂ ਅਪਾਹਜ ਵਿਅਕਤੀਆਂ ਲਈ ਪੂਰਕ ਸੁਰੱਖਿਆ ਆਮਦਨੀ (Supplemental Security Income) (SSI)**
  - **ਕੈਲੀਫੋਰਨੀਆ ਵਿੱਚ ਆਮਦਨ ਦੇ ਰੱਖ-ਰਖਾਅ ਲਈ ਰਾਜ, ਕਬਾਇਲੀ, ਖੇਤਰੀ, ਜਾਂ ਸਥਾਨਕ ਨਕਦ ਲਾਭ ਪ੍ਰੋਗਰਾਮਾਂ ਨੂੰ ਅਕਸਰ "ਆਮ ਸਹਾਇਤਾ" ("General Assistance") ਜਾਂ "ਆਮ ਰਾਹਤ" ("General Relief") (GR) ਕਿਹਾ ਜਾਂਦਾ ਹੈ।**
    - **ਇਮੀਗ੍ਰੈਂਟ ਪਰਿਵਾਰਾਂ ਲਈ ਨਕਦ ਸਹਾਇਤਾ ਪ੍ਰੋਗਰਾਮ (Cash Assistance Program for Immigrant Families) (CAPI)**
  - **ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ (Temporary Assistance for Needy Families) (TANF)**
    - **ਕੈਲੀਫੋਰਨੀਆ ਵਿੱਚ CalWORKs**
- **ਨਰਸਿੰਗ ਹੋਮ ਵਰਗੀ ਕਿਸੇ ਸੰਸਥਾ ਵਿੱਚ ਲੰਬੇ ਸਮੇਂ ਦੀ ਦੇਖਭਾਲ, ਜਿਸ ਲਈ Medi-Cal ਦੁਆਰਾ ਭੁਗਤਾਨ ਕੀਤਾ ਜਾਂਦਾ ਹੈ**

ਔਨਲਾਈਨ ਹੋਰ ਜਾਣੋ: **keepyourbenefits.org**

**ਹਾਂ** →

### ਤੁਸੀਂ ਸ਼ਾਇਦ ਪਬਲਿਕ ਚਾਰਜ ਟੈਸਟ ਦੇ ਅਧੀਨ ਹੋ ਸਕਦੇ ਹੋ

**ਕਾਨੂੰਨੀ ਮਦਦ ਮੰਗੋ**

**ਪਬਲਿਕ ਚਾਰਜ ਨਿਰਧਾਰਨ ਕਰਦੇ ਸਮੇਂ ਇਮੀਗ੍ਰੇਸ਼ਨ ਨੂੰ ਹੋਰ ਕਾਰਕਾਂ (ਆਮਦਨੀ, ਸਿਹਤ, ਹੁਨਰ) 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ।**

**ਨਹੀਂ** →

### ਜਨਤਕ ਲਾਭ

**ਕਾਰਕ ਨਹੀਂ ਹੋਣੇ ਚਾਹੀਦੇ**

© The Children's Partnership 2024

# ਪਬਲਿਕ ਚਾਰਜ (PUBLIC CHARGE)

**2024 ਅੱਪਡੇਟ**




**ਜੇ ਤੁਹਾਡੇ ਅਮਰੀਕੀ-ਨਾਗਰਿਕ ਬੱਚੇ ਜਾਂ ਯੋਗ ਪਰਿਵਾਰਕ ਮੈਂਬਰ ਸਿਹਤ ਸੰਭਾਲ, ਰਿਹਾਇਸ਼, ਭੋਜਨ ਲਾਭਾਂ, ਜਾਂ ਨਕਦ ਸਹਾਇਤਾ ਦੀ ਵਰਤੋਂ ਕਰ ਰਹੇ ਹਨ, ਤਾਂ ਇਹ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਜਾਂ ਗ੍ਰੀਨ ਕਾਰਡ ਲਈ ਅਰਜ਼ੀ 'ਤੇ ਨਕਾਰਾਤਮਕ ਅਸਰ ਨਹੀਂ ਪਾਏਗਾ।**

**ਜੇ ਤੁਸੀਂ ਯੋਗ ਹੋ ਤਾਂ ਜ਼ਿਆਦਾਤਰ ਗੈਰ-ਨਕਦੀ ਜਨਤਕ ਲਾਭ ਪ੍ਰੋਗਰਾਮਾਂ ਨੂੰ ਵਰਤਣਾ ਸੁਰੱਖਿਅਤ ਹੈ** *(ਉਹਨਾਂ ਲਾਭਾਂ ਦੀ ਸੂਚੀ ਲਈ ਜਿਨ੍ਹਾਂ ਨੂੰ ਪਬਲਿਕ ਚਾਰਜ ਟੈਸਟ ਲਈ ਗਿਣਿਆ ਜਾਂਦਾ ਹੈ, ਕਿਰਪਾ ਕਰਕੇ ਪਿਛਲੇ ਪਾਸੇ ਚਾਰਟ ਵੇਖੋ):*

**ਸਿਹਤ**

- ✔ Medi-Cal *(ਲੰਬੀ ਮਿਆਦ ਦੀ ਸੰਸਥਾਗਤ ਦੇਖਭਾਲ ਦੇ ਮਾਮਲੇ ਨੂੰ ਛੱਡ ਕੇ, ਜਿਵੇਂ ਕਿ Medi-Cal ਦੁਆਰਾ ਭੁਗਤਾਨ ਕੀਤੇ ਨਰਸਿੰਗ ਹੋਮ ਵਿੱਚ)*
- ✔ ਮੈਡੀਕੇਅਰ
- ✔ ਕਵਰਡ ਕੈਲੀਫੋਰਨੀਆ ਸਬਸਿਡੀਆਂ
- ✔ CHIP (ਬੱਚਿਆਂ ਦਾ ਸਿਹਤ ਬੀਮਾ ਪ੍ਰੋਗਰਾਮ) (Children's Health Insurance Program)
- ✔ ਘਰ ਵਿੱਚ ਸਹਾਇਕ ਸੇਵਾਵਾਂ ਦਾ ਪ੍ਰੋਗਰਾਮ

**ਰਿਹਾਇਸ਼ ਅਤੇ ਟੈਕਸ**

- ✔ ਸੰਘੀ ਜਨਤਕ ਰਿਹਾਇਸ਼
- ✔ ਸੈਕਸ਼ਨ 8 ਸਹਾਇਤਾ
- ✔ ਸ਼ੈਲਟਰ

**ਭੋਜਨ ਸੰਬੰਧੀ ਸਹਾਇਤਾ**

- ✔ CalFresh ਜਾਂ SNAP
- ✔ WIC *(ਔਰਤਾਂ, ਨਵਜਾਤਾਂ ਅਤੇ ਬੱਚਿਆਂ ਲਈ ਸਪੈਸ਼ਲ ਸਪਲੀਮੈਂਟਲ ਨਿਊਟ੍ਰਿਸ਼ਨ ਪ੍ਰੋਗਰਾਮ)*
- ✔ ਸਕੂਲ ਦੇ ਭੋਜਨ
- ✔ ਫੂਡ ਬੈਂਕ
- ✔ ਸਮਰ EBT (Summer EBT)

**ਵਧੀਕ ਸਹਾਇਤਾ**

- ✔ ਬਾਲ ਦੇਖਭਾਲ ਸਹਾਇਤਾ
- ✔ ਰਾਜ ਅਤੇ ਸੰਘੀ ਬਾਲ ਟੈਕਸ ਕ੍ਰੈਡਿਟ (State and Federal Child Tax Credit) (CTC) ਜਾਂ ਕਮਾਈ ਗਈ ਆਮਦਨੀ 'ਤੇ ਟੈਕਸ ਕ੍ਰੈਡਿਟ (Earned Income Tax Credits) (EITC)
- ✔ ਆਫ਼ਤ ਸਹਾਇਤਾ, ਮਹਾਂਮਾਰੀ ਸਹਾਇਤਾ, ਅਤੇ ਯੂਟਿਲਿਟੀ ਸਹਾਇਤਾ

**ਕੁਝ ਇਮੀਗ੍ਰੈਂਟਾਂ ਨੂੰ ਪਬਲਿਕ ਚਾਰਜ ਟੈਸਟ ਤੋਂ ਛੋਟ ਦਿੱਤੀ ਗਈ ਹੈ:**

- ✔ ਰਿਫ਼ਿਊਜ਼ੀ (Refugees)
- ✔ ਸ਼ਰਣਾਰਥੀ (Asylees)
- ✔ ਔਰਤਾਂ ਵਿਰੁੱਧ ਹਿੰਸਾ ਅਧਿਨਿਯਮ (Violence Against Women Act) (VAWA) ਸਵੈ-ਪਟੀਸ਼ਨਰ
- ✔ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇ ਰਹੇ ਕਾਨੂੰਨੀ ਸਥਾਈ ਨਿਵਾਸੀ (Lawful permanent residents) (LPR)
- ✔ ਗ੍ਰੀਨ ਕਾਰਡ ਰੀਨਿਊਲ ਲਈ ਅਰਜ਼ੀ ਦੇ ਰਹੇ ਕਾਨੂੰਨੀ ਸਥਾਈ ਨਿਵਾਸੀ (Lawful permanent residents) (LPR)
- ✔ U ਵੀਜ਼ਾ ਜਾਂ T ਵੀਜ਼ਾ ਬਿਨੈਕਾਰ/ਧਾਰਕ
- ✔ ਵਿਸ਼ੇਸ਼ ਇਮੀਗ੍ਰੈਂਟ ਨਾਬਾਲਗ
- ✔ ਉਹ ਲੋਕ ਜੋ ਅਸਥਾਈ ਸੁਰੱਖਿਅਤ ਸਥਿਤੀ ਲਈ ਅਰਜ਼ੀ ਦੇ ਰਹੇ ਹਨ ਜਾਂ ਦੁਬਾਰਾ ਰਜਿਸਟਰ ਕਰ ਰਹੇ ਹਨ
- ✔ ਦਾਖਲ ਹੋਣ ਵਾਲੇ ਕੁਝ ਖਾਸ ਕਿਊਬਿਆਈ ਅਤੇ ਹੈਤੀਆਈ ਲੋਕ
- ✔ ਮਾਨਵਤਾਵਾਦੀ ਇਮੀਗ੍ਰੈਂਟਾਂ ਦੀਆਂ ਹੋਰ ਸ਼੍ਰੇਣੀਆਂ ਨੂੰ ਛੋਟ ਹੋ ਸਕਦੀ ਹੈ

## ਜਨਤਕ ਲਾਭਾਂ ਤੋਂ ਨਾਮ ਹਟਵਾਉਣ ਤੋਂ ਪਹਿਲਾਂ ਸੂਚਨਾ ਪ੍ਰਾਪਤ ਕਰੋ

ਸਿਰਫ ਜਨਤਕ ਲਾਭਾਂ ਦੀ ਵਰਤੋਂ ਕਰਨ ਦਾ ਮਤਲਬ ਇਹ ਨਹੀਂ ਹੋਵੇਗਾ ਕਿ ਤੁਸੀਂ ਪਬਲਿਕ ਚਾਰਜ ਟੈਸਟ ਵਿੱਚ ਫੇਲ ਹੋ ਜਾਂਦੇ ਹੋ। ਇਹ ਨਿਰਧਾਰਤ ਕਰਨ ਲਈ ਕਿ ਤੁਸੀਂ ਪਾਸ ਹੋ ਜਾਂ ਨਹੀਂ, ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੋਰ ਕਾਰਕਾਂ ਨੂੰ ਦੇਖਣ ਦੀ ਲੋੜ ਹੋਵੇਗੀ। ਇਸ ਨੂੰ ਹਾਲਾਤ ਦੀ ਸੰਪੂਰਨਤਾ ਵਜੋਂ ਜਾਣਿਆ ਜਾਂਦਾ ਹੈ, ਜਿਸ ਵਿੱਚ ਤੁਹਾਡੀ ਉਮਰ, ਸਿਹਤ, ਆਮਦਨ, ਸੰਪਤੀ, ਸਰੋਤ, ਸਿੱਖਿਆ/ਹੁਨਰ, ਪਰਿਵਾਰ ਅਤੇ ਰੁਜ਼ਗਾਰ ਸ਼ਾਮਲ ਹੁੰਦਾ ਹੈ। ਸਕਾਰਾਤਮਕ ਕਾਰਕ, ਜਿਵੇਂ ਕਿ ਤੁਹਾਡੀ ਸਿੱਖਿਆ ਅਤੇ ਰੁਜ਼ਗਾਰ, ਤੁਹਾਡੇ ਨਕਦ ਲਾਭਾਂ ਦੀ ਵਰਤੋਂ ਜਾਂ Medi-Cal ਦੁਆਰਾ ਅਦਾ ਕੀਤੀ ਜਾਂਦੀ ਲੰਬੇ ਸਮੇਂ ਦੀ ਸੰਸਥਾਗਤ ਦੇਖਭਾਲ ਦੀ ਵਰਤੋਂ 'ਤੇ ਭਾਰੀ ਹੋ ਸਕਦੇ ਹਨ।

**ਨਾਮ ਹਟਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ, ਯਾਦ ਰੱਖੋ ਕਿ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਿਹਤ ਅਤੇ ਤੰਦਰੁਸਤੀ ਮਹੱਤਵਪੂਰਨ ਹਨ!**

ਨਵੀਨਤਮ ਅੱਪਡੇਟਾਂ ਲਈ, QR ਕੋਡ ਨੂੰ ਸਕੈਨ ਕਰੋ ਜਾਂ ਇਸ ਵੈੱਬਸਾਈਟ 'ਤੇ ਜਾਓ: ***keepyourbenefits.org***

## ਕਾਨੂੰਨੀ ਸਹਾਇਤਾ

ਕਿਰਪਾ ਕਰਕੇ ਆਪਣੀ ਸਥਿਤੀ ਬਾਰੇ ਕਿਸੇ ਇਮੀਗ੍ਰੇਸ਼ਨ ਅਟਾਰਨੀ ਜਾਂ BIA-ਮਾਨਤਾ ਪ੍ਰਾਪਤ ਪ੍ਰਤਿਨਿਧੀ ਨਾਲ ਸਲਾਹ ਕਰੋ। ਮੁਫ਼ਤ ਜਾਂ ਘੱਟ ਲਾਗਤ ਵਾਲੀ ਸਹਾਇਤਾ ਦੀ ਪੇਸ਼ਕਸ਼ ਕਰਨ ਵਾਲੀਆਂ ਯੋਗ ਗੈਰ-ਮੁਨਾਫ਼ਾ ਸੰਸਥਾਵਾਂ ਦੀ ਔਨਲਾਈਨ ਸੂਚੀ **California Department of Social Services (ਕੈਲੀਫੋਰਨੀਆ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼) (CDSS)** ਤੋਂ ਮਿਲ ਸਕਦੀ ਹੈ।

CDSS

**CDSS ਵੈੱਬਸਾਈਟ:** QR ਕੋਡ ਨੂੰ ਸਕੈਨ ਕਰੋ ਜਾਂ ਇੱਥੇ ਜਾਓ: ***https://bit.ly/PublicChargeHelp***

**ਹੋਰ ਜਾਣਕਾਰੀ ਅਤੇ ਸ੍ਰੋਤਾਂ ਲਈ:**

ਇਸ QR ਕੋਡ ਨੂੰ ਸਕੈਨ ਕਰੋ ਜਾਂ ਇੱਥੇ ਜਾਓ:

***www.allinforhealth.org***

all in HEALTH CARE FOR ALL FAMILIES

A PROJECT OF The Children's Partnership

CALIFORNIA PROTECTING IMMIGRANT FAMILIES